ਸਾਰੇ ਹੱਕ ਰਾਖਵੇਂ ਹਨ ।

੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਖੋਜੀ ਉਪਜੈ ਬਾਦੀ ਬਿਨਸੈ

[ਮਲਾਰ ਮ: ੧

—

G-246

# ਰਾਧਾ ਸ੍ਵਾਮੀ ਮਤ ਪਰਬੋਧ

ਅਖ਼ਬਾਰ ਖ਼ਾਲਸਾ ਸਮਾਚਾਰ ਦੇ ਵਿਚ

ਰਾਧਾ ਸ੍ਵਾਮੀ ਮਤ ਸਬੰਧੀ ਛਪੇ ਕੁਛਕ ਲੇਖ

ਜਿਨ੍ਹਾਂ ਨੂੰ

ਜਗਯਾਸੂਆਂ ਦੇ ਵਿਚਾਰ ਹਿਤ

ਮੈਨੇਜਰ ਅਖਬਾਰ ਖਾਲਸਾ ਸਮਾਚਾਰ

ਸ੍ਰੀ ਅੰਮ੍ਰਿਤਸਰ ਜੀ ਨੇ ਪਬਲਿਸ਼ ਕੀਤਾ ।

ਵਜ਼ੀਰ ਹਿੰਦ ਪ੍ਰੈਸ ਹਾਲ ਬਜ਼ਾਰ ਸ੍ਰੀ ਅੰਮ੍ਰਿਤਸਰ ਜੀ ਵਿਚ
ਸ: ਲਖਬੀਰ ਸਿੰਘ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ।

ਪਬਲਿਸ਼ਰ—ਭਾਈ ਸੇਵਾ ਸਿੰਘ ਜੀ ਮੈਨੇਜਰ ਖਾਲਸਾ ਸਮਾਚਾਰ
ਸ੍ਰੀ ਅੰਮ੍ਰਿਤਸਰ ਜੀ

# ਭੂਮਕਾ

ਰਾਧਾ ਸ੍ਵਾਮੀ ਮਤ ਦੀ ਬਿਆਸਾ ਵਾਲੀ ਗੱਦੀ ਦੇ ਐਸ ਵੇਲੇ ਗੱਦੀ ਨਸ਼ੀਨ ਬਾਬੂ ਸਾਉਣ ਸਿੰਘ ਜੀ ਹਨ, ਆਪ ਦੀ ਸ਼ਕਲ ਸੂਰਤ ਸਿੰਘਾਂ ਵਾਲੀ ਹੈ, ਕਥਾ ਕਰਨ ਲਗਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਬਹੁਤੀ ਓਟ ਲੈਂਦੇ ਹਨ, ਇਹ ਹੀ ਕਾਰਨ ਹੈ ਕਿ ਪੰਜਾਬ ਵਿਚ ਆਪਨੇ ਸਿੱਖਾਂ ਵਿਚੋਂ ਕੁਛਕ ਆਦਮੀ ਆਪਨੇ ਮਤ ਵਿਚ ਕਰ ਲਏ ਹਨ। ਗੁਰਸਿਖਾਂ ਵਿਚ ਆਪਦੇ ਵਧਦੇ ਜਾ ਰਹੇ ਪ੍ਰਚਾਰ ਨੂੰ ਵੇਖ ਰਾਧਾ ਸ੍ਵਾਮੀ ਮਤ ਬਾਬਤ ਕੁਛ ਲੇਖ ਅਖਬਾਰ ਖਾਲਸਾ ਸਮਾਚਾਰ ਸ੍ਰੀ ਅੰਮ੍ਰਿਤਸਰ ਵਿਚ ਨਿਕਲੇ ਸਨ ਸੰਗਤਾਂ ਵਲੋਂ ਪੁਸਤਕ ਦੀ ਸੂਰਤ ਵਿਚ ਵੇਖਣ ਦੀ ਅਕਾਂਖਯਾ ਪ੍ਰਗਟ ਹੋਣ ਤੇ ਸਤ ਅਸਤ ਦੇ ਨਿਰਨੇ ਤੇ ਸੰਗਤਾਂ ਦੇ ਲਾਭ ਲਈ ਪ੍ਰਕਾਸ਼ਤ ਕੀਤੇ ਜਾਂਦੇ ਹਨ।

ਮੈਨੇਜਰ
ਖਾਲਸਾ ਸਮਾਚਾਰ
ਸ੍ਰੀ ਅਮ੍ਰਿਤਸਰ

ੴ ਸਤਿਗੁਰਪ੍ਰਸਾਦਿ ॥

# ਰਾਧਾ ਸੁਆਮੀ ਮਤ ਪ੍ਰਬੋਧ

ਆਪਣੀ ਕਮਜ਼ੋਰੀਦਾ ਡਰ

ਜਦ ਰਾਧਾ ਸੁਆਮੀ ਮਤ ਦੇ ਧਰਮ ਪੁਸਤਕ 'ਸਾਰ ਬਚਨ' ਨੂੰ ਵੇਖਯਾ ਜਾਏ ਤਦ ਉਹਦੇ ਵਿਚ ਲਿਖਿਆ ਹੈ ਕਿ:-

"ਸੰਤ ਸਤਗੁਰ ਕੀ ਸੰਗਤ ਮੈਂ ਜੀਵ ਕਾ ਆਨਾ ਮੁਸ਼ਕਲ ਹੈ, ਕਿਸੀ ਸਬਬ ਸੇ ਆ ਭੀ ਗਿਆ ਤੋਂ ਠੈਹਰਨਾ ਮੁਸ਼ਕਲ ਹੈ, ਕਿਉਂਕਿ ਜਿਸ ਵਕਤ ਸੰਤ ਵੇਦ ਪੁਰਾਨ ਔਰ ਕੁਰਾਨ ਸਬਕੇ ਖੰਡਨ ਕਰਕੇ ਆਪਨਾ ਮਤ ਸਬ ਸੇ ਊਂਚਾ ਔਰ ਨਿਆਰੀ ਬਰਨਨ ਕਰੇਂਗੇ, ਓਸ ਵਕਤ ਕੋਈ ਖੋਜੀ ਯਾ ਦਰਦੀ ਹੀ ਠਹਿਰੇਗਾ।"

ਇਹ ਲਿਖਤ ਦਸਦੀ ਹੈ ਕਿ ਰਾਧਾ ਸੁਆਮੀ ਮੱਤ ਦੇ ਆਚਾਰਯ ਆਪਨੀਆਂ ਸੰਗਤਾਂ ਵਿਚ ਦੂਜੇ ਮਤਾਂ ਦਾ ਖੰਡਨ ਕਰਦੇ ਹਨ ਤੇ ਰੱਜ ਰੱਜ ਕੇ ਖੰਡਨ ਕਰਦੇ ਹਨ, ਪਰ ਜਦ ਉਨਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਜੋ ਆਪਣੇ ਚੇਲਿਆਂ ਦੇ ਸਾਹਮਣੇ ਦੂਜੇ ਮਤਾਂ ਦਾ ਖੰਡਨ ਕਰਦੇ ਹੋ ਤੁਹਾਡੇ ਚੇਲਿਆਂ ਤਾਂ ਹਰਗਲ ਦੇ ਉੱਤਰ ਵਿਚ ਸੱਤਬਚਨ ਹੀ ਕਹਿਣਾ ਹੈ।ਸਤ ਅਸਤ ਦਾ ਨਿਰਨਾ ਤਦ ਹੁੰਦਾ ਹੈ ਜੇ ਤੁਸੀ ਦੂਜੇ ਮਤਾਂ ਦੇ ਪ੍ਰਚਾਰਕਾਂ ਸਾਹਮਣੇ ਗਲ ਬਾਤ ਕਰੋ, ਜਿਥੇ ਤੁਹਾਡੀ ਉਕਤੀ, ਯੁਕਤੀ ਤੇ ਵਿੱਦ੍ਵਤਾ ਦੀ ਪਰਖ ਵੀ ਹੋਵੇ। ਇਹ ਗਲ ਸੁਣ ਕਹਿ ਦਿਤਾ ਜਾਂਦਾ ਹੈ ਕਿ ਸੰਤ ਬਹਸ ਨਹੀ ਕਰਦੇ। ਉਪਰਲੀ ਲਿਖਤ ਦਸਦੀ ਹੈ ਕਿ ਸੰਤ ਬਹਸ ਤਾਂ ਕਰਦੇ ਹਨ

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.